ਡਾ. ਬਲਕਾਰ ਸਿੰਘ
ਕੰਟਰੋਲਰ (ਪ੍ਰੀਖਿਆਵਾਂ)

ਪੰਜਾਬ ਟੈਕਨੀਕਲ ਯੂਨੀਵਰਸਿਟੀ
ਜਲੰਧਰ-ਕਪੂਰਥਲਾ ਹਾਈਵੇ, ਕਪੂਰਥਲਾ
ਫੋਨ ਨੰ: 01822-662511
ਈਮੇਲ: coeptu@gmail.com

ਹਵਾਲਾ ਨੰ: ਪੀ.ਟੀ.ਯੂ./ ਮਾਰਚ/ਅਪਰੈਲ-12/001 *ਮਿਤੀ :* **06/12/11**

ਪ੍ਰਿੰਸੀਪਲ/ਡਾਇਰੈਕਟਰ
ਪੀ.ਟੀ.ਯੂ. ਤੋਂ ਮਾਨਤਾ ਪ੍ਰਾਪਤ ਕਾਲਜ਼

**ਵਿਸ਼ਾ : ਸਪੈਸ਼ਲ ਇਮਤਿਹਾਨ ਮਾਰਚ/ਅਪਰੈਲ 2012 ਦੇ ਇਮਤਿਹਾਨ ਫਾਰਮ ਭਰਨ ਸਬੰਧੀ ।**

ਯੂਨੀਵਰਸਿਟੀ ਵਲੋਂ ਇਹ ਫੈਂਸਲਾ ਲਿਆ ਗਿਆ ਹੈ ਕਿ ਮਾਰਚ/ਅਪਰੈਲ-2012 ਵਿਚ ਸਪੈਸ਼ਲ ਇਮਤਿਹਾਨ ਕਰਵਾਇਆ ਜਾਵੇਗਾ ਜਿਸ ਵਿਚ ਉਹ ਵਿਦਿਆਰਥੀ ਅਪੀਅਰ ਹੋ ਸਕਦੇ ਹਨ, ਜਿਨ੍ਹਾਂ ਨੇ ਆਪਣੀ ਡਿਗਰੀ ਪੂਰੀ ਕਰਨ ਦੀ ਸਮਾਂ ਸੀਮਾ ਪੂਰੀ ਕਰ ਲਈ ਹੈ ਪਰ ਅਜੇ ਤੱਕ ਸਾਰੇ ਪੇਪਰ ਪਾਸ ਨਹੀ ਕਰ ਸਕੇ ।ਵਿਦਿਆਰਥੀ ਇਮਤਿਹਾਨ ਫਾਰਮ **ਮਿਤੀ 31.01.12** ਤੱਕ ਆਪਣੀ ਸ਼ਬੰਧਤ ਸੰਸਥਾ ਵਿਚ ਜਮਾਂ ਕਰਵਾ ਸਕਦੇ ਜਨ।

**ੳ. ਵਿਦਿਆਰਥੀ ਵਲੋਂ ਇਮਤਿਹਾਨ ਫਾਰਮ ਭਰਨ ਸੰਬੰਧੀ।**

1. ਇਮਤਿਹਾਨ ਫਾਰਮ ਭਰਨ ਲਈ ਵਿਦਿਆਰਥੀ , ਇਮਤਿਹਾਨ ਫਾਰਮ www.ptuexam.com ਵੈਬਸਾਈਟ ਤੋਂ ਡਾਉਨਲੋਡ ਕਰ ਸਕਦੇ ਹਨ।
2. ਵਿਦਿਆਰਥੀ ਇਮਤਿਹਾਨ ਫਾਰਮ ਭਰਨ ਤੋਂ ਬਾਅਦ ਇਮਤਿਹਾਨ ਫਾਰਮ ਪ੍ਰਿੰਟ ਕਰਕੇ ਆਪਣੀ ਫੋਟੋ ਲਗਾਉਣ ਉਪਰੰਤ ਸਬੰਧਤ ਸੰਸਥਾ ਵਿਚ ਜਮਾਂ ਕਰਵਾਉਣਗੇ ।
3. ਵਿਦਿਆਰਥੀਆਂ ਵਲੋਂ ਸਾਰੇ ਸਮੈਸਟਰਾਂ ਦਾ ਇੱਕ ਹੀ ਰੀਅਪੀਅਰ ਫਾਰਮ ਭਰਿਆ ਜਾਵੇਗਾ
4. ਇਮਤਿਹਾਨ ਫਾਰਮ ਦੀ ਫੀਸ 5000/- ਰੁਪਏ ਪ੍ਰਤੀ ਵਿਸ਼ਾਂ ਦੇ ਹਿਸਾਬ ਨਾਲ ਹੋਵੇਗੀ ।ਵਿਦਿਆਰਥੀਆਂ ਵਲੋਂ ਇਹ ਫੀਸ਼ ਸਬੰਧਤ ਸੰਸਥਾਂ ਵਿੱਚ (ਡਰਾਫਟ ਰਾਹੀ ਜੋ ਕਿ ਰਜਿਸਟਰਾਰ, ਪੀ.ਟੀ.ਯੂ ਜਲੰਧਰ ਦੇ ਨਾ ਤੇ ਹੋਵੇ ਫਾਰਮ ਨਾਲ ਨੱਥੀ ਕੀਤਾ ਜਾਵੇ) ਜਮਾ ਕਰਵਾਈ ਜਾਵੇਗੀ ।
5. ਸਾਰੇ ਇਮਤਿਹਾਨ ਇਕ ਪ੍ਰੀਖਿਆ ਕੇਂਦਰ ਤੇ ਹੀ ਕਰਵਾਏ ਜਾਣਗੇ ਜੋ ਕਿ ਯੂਨੀਵਰਸਿਟੀ ਜਾਂ ਜਲੰਧਰ ਵਿਖੇ ਸਥਾਪਤ ਕੀਤਾ ਜਾਵੇਗਾਂ ।

**ਅ. ਸੰਸਥਾਵਾਂ ਵਲੋਂ ਇਮਤਿਹਾਨ ਫਾਰਮ ਜਮਾ ਕਰਵਾਉਣ ਦਾ ਵੇਰਵਾ।**

6. ਜਿੰਨ੍ਹਾਂ ਵਿਦਿਆਰਥੀਆਂ ਨੇ ਇਮਤਿਹਾਨ ਫਾਰਮ ਭਰੇ ਹਨ, ਉਹਨਾਂ ਵਿਦਿਆਰਥੀਆਂ ਦੀ ਕੱਟ-ਲਿਸਟਾਂ ਤਿਆਰ ਕਰਕੇ ਮਿਤੀ 6 ਫਰਵਰੀ 2012 ਤੱਕ ਇਮਤਿਹਾਨ ਫਾਰਮ ਸੰਸਥਾਂਵਾਂ ਵਲੋਂ ਯੂਨੀਵਰਸਿਟੀ ਵਿਚ ਜਮਾਂ ਕਰਵਾਏ ਜਾਣਗੇ। ਵਿਦਿਆਰਥੀਆਂ ਦੀ ਫੋਟੋ ਅਤੇ ਫਾਰਮ ਸਬੰਧਤ ਸੰਸਥਾ ਪ੍ਰਿੰਸੀਪਲ/ਡਾਇਰੈਕਟਰ ਵਲੋਂ ਤਸਦੀਕ ਕੀਤੇ ਜਾਣਗੇ।
7. ਯੂਨੀਵਰਸਿਟੀ ਵਲੋਂ ਵਿਦਿਆਰਥੀਆਂ ਦੇ ਐਡਮਿਟ ਕਾਰਡ ਵਿਦਿਆਰਥੀਆਂ ਨੂੰ ਇਮਤਿਹਾਨ ਪ੍ਰੀਖਿਆ ਕੇਂਦਰ ਤੇ ਹੀ ਸਿਧੇ ਜਾਰੀ ਕੀਤੇ ਜਾਣਗੇ ।

ਇਮਤਿਹਾਨ ਫਾਰਮ ਭਰਨ ਦੇ ਸਬੰਧ ਵਿੱਚ ਜੇਕਰ ਕੋਈ ਸੱਮਸਿਆ ਆਉਂਦੀ ਹੋਵੇ ਤਾਂ ਮੋਬਾਈਲ ਨੰਬਰ: 09501109054 ਤੇ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

ਕੰਟਰੋਲਰ (ਪ੍ਰੀਖਿਆਵਾਂ)